ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ
ਵਿੱਦਿਆ ਭਵਨ, ਪੰ.ਸ.ਸਿ.ਬੋਰਡ, ਪੰਜਵੀਂ ਮੰਜ਼ਿਲ, ਬਲਾਕ-ਈ, ਫੇਜ਼-8 ਮੋਹਾਲੀ

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ/ਐ.ਸਿ)
ਪੰਜਾਬ।

ਨੰ: ਐਡਮਨ/2019/30119
ਮਿਤੀ: 24.1.2019

ਵਿਸ਼ਾ: ਬਦਲੀ ਰੱਦ ਕਰਨ ਸਬੰਧੀ।

ਮਾਨਯੋਗ ਸਿੱਖਿਆ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਮਿਤੀ 24.1.2019 ਨੂੰ ਪੰਜਾਬ ਭਵਨ ਵਿਖੇ ਮੀਟਿੰਗ ਹੋਈ ਜਿਸ ਵਿੱਚ ਸਕੱਤਰ ਸਕੂਲ ਸਿੱਖਿਆ, ਡੀ.ਪੀ.ਆਈ(ਐ.ਸਿ) ਅਤੇ ਵੱਖ ਵੱਖ ਅਧਿਆਪਕ ਜਥੇਬੰਦੀਆਂ ਦੇ ਨੁਮਾਇੰਦੇ ਸ਼ਾਮਿਲ ਸਨ। ਇਸ ਮੀਟਿੰਗ ਵਿੱਚ ਜਥੇਬੰਦੀਆਂ ਵਲੋਂ ਮਾਨਯੋਗ ਸਿੱਖਿਆ ਮੰਤਰੀ ਜੀ ਤੋਂ ਮੰਗ ਕੀਤੀ ਗਈ ਕਿ ਪਿਛਲੇ ਸਮੇਂ ਦੌਰਾਨ ਕੁਝ ਅਧਿਆਪਕਾਂ ਦੀਆਂ ਲੋਕ ਹਿੱਤ ਵਿੱਚ/ਪ੍ਰਬੰਧਕੀ ਕਾਰਨਾਂ ਕਰਕੇ ਬਦਲੀਆਂ/ਆਰਜੀ ਅਡਜੈਸਟਮੈਂਟਾਂ ਕੀਤੀਆਂ ਗਈਆਂ ਸਨ, ਉਹਨਾਂ ਨੂੰ ਰੱਦ ਕੀਤਾ ਜਾਵੇ।

2. ਮਾਨਯੋਗ ਸਿੱਖਿਆ ਮੰਤਰੀ ਜੀ ਵੱਲੋਂ ਇਹ ਮੰਗ ਪ੍ਰਵਾਨ ਕਰਨ ਉਪਰੰਤ ਮਿਤੀ 01.11.2018 ਤੋਂ ਹੁਣ ਤੱਕ ਦੇ ਸਮੇਂ ਦੌਰਾਨ ਵਿਭਾਗ ਵੱਲੋਂ ਵੱਖ ਵੱਖ ਕਾਡਰਾਂ ਦੇ ਜਿਹਨਾਂ ਅਧਿਆਪਕਾਂ ਦੀਆਂ ਆਰਜੀ ਅਡਜੈਸਮੈਂਟਾਂ/ ਲੋਕ ਹਿੱਤ/ਪ੍ਰਬੰਧਕੀ ਕਾਰਨਾਂ ਕਰਕੇ ਬਦਲੀਆਂ ਸਮੇਂ ਦੀ ਮੰਗ ਅਨੁਸਾਰ ਕੀਤੀਆਂ ਗਈਆਂ ਸਨ, ਉਹਨਾਂ ਨੂੰ ਰੱਦ ਕਰਦੇ ਹੋਏ ਇਹਨਾਂ ਅਧਿਆਪਕਾਂ ਨੂੰ ਪੁਰਾਣੇ ਸਟੇਸ਼ਨਾਂ ਤੇ ਤੈਨਾਤ ਕਰਨ ਦੇ ਹੁਕਮ ਕੀਤੇ ਜਾਂਦੇ ਹਨ। ਜੇਕਰ ਕਿਸੇ ਅਧਿਆਪਕ ਦਾ ਪੁਰਾਣਾ ਸਟੇਸਨ ਮੌਜੂਦਾ ਸਮੇਂ ਖਾਲੀ ਨਹੀਂ ਹੈ ਤਾਂ ਇਸ ਸਬੰਧੀ ਜਿਲ੍ਹਾ ਸਿੱਖਿਆ ਅਫਸਰ ਸਬੰਧਤ ਡਾਇਰੈਕਟੋਰੇਟ ਤੋਂ ਅਗਵਾਈ ਲੈਣ ਉਪਰੰਤ ਕਾਰਵਾਈ ਯਕੀਨੀ ਬਣਾਉਣਗੇ। ਇਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਜਿਹਨਾਂ ਅਧਿਆਪਕਾਂ ਦੀ ਬਦਲੀਆਂ ਉਹਨਾਂ ਦੀ ਪ੍ਰਤੀਬੇਨਤੀ ਦੇ ਆਧਾਰ ਤੇ ਹੋਈਆਂ ਹਨ, ਉਹਨਾਂ ਤੇ ਇਹ ਹੁਕਮ ਲਾਗੂ ਨਹੀਂ ਹੋਣਗੇ।

3. ਉਪਰੋਕਤ ਤੈਨਾਤੀ ਦੌਰਾਨ ਜੇਕਰ ਕੋਈ ਅਧਿਆਪਕ ਆਪਣੀ ਨਵੀਂ ਤੈਨਾਤੀ ਵਾਲੇ ਸਟੇਸ਼ਨ ਤੇ ਹਾਜ਼ਰ ਨਹੀਂ ਹੋ ਸਕਿਆ, ਤਾਂ ਉਸ ਸਮੇਂ ਦੀ ਬਣਦੀ ਛੁੱਟੀ ਜੋ ਵੀ ਨਿਯਮਾਂ ਅਨੁਸਾਰ ਹੋਵੇ ਮੰਨਜੂਰ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ

ਪਿੱਠ ਅੰਕਣ ਨੰ: ਐਡਮਨ/2019/ ਮਿਤੀ: 24.1.2019

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਨਿੱਜੀ ਸਕੱਤਰ ਟੂ ਮਾਨਯੋਗ ਸਿੱਖਿਆ ਮੰਤਰੀ ਪੰਜਾਬ।
2. ਨਿੱਜੀ ਸਕੱਤਰ ਟੂ ਸਕੱਤਰ ਸਕੂਲ ਸਿੱਖਿਆ ਪੰਜਾਬ।
3. ਡੀ.ਪੀ.ਆਈ(ਸੈ.ਸਿ) ਪੰਜਾਬ।
4. ਡੀ.ਪੀ.ਆਈ(ਐ.ਸਿ)ਪੰਜਾਬ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ